ਖੰਨਾ
ਅਜੀਤ ਜਲੰਧਰ
ਅਜੀਤ
ਬੁੱਧਵਾਰ, 29 ਅਕਤੂਬਰ 2025

ਖੰਨਾ ਦੇ ਸਿਵਲ ਹਸਪਤਾਲ ਵਿਖੇ ਜ਼ਖਮੀਆਂ ਦਾ ਇਲਾਜ ਕੀਤੇ ਜਾਣ ਦੀਆਂ ਤਸਵੀਰਾਂ।

ਖੰਨਾ ਰਾਸ਼ਟਰੀ ਰਾਜਮਾਰਗ 'ਤੇ ਹਾਦਸੇ ਦੌਰਾਨ 22 ਤੋਂ ਵੱਧ ਬੱਸ ਯਾਤਰੀ ਜ਼ਖਮੀ

ਖੰਨਾ, 28 ਅਕਤੂਬਰ (ਹਰਜਿੰਦਰ ਸਿੰਘ ਲਾਲ)- ਖੰਨਾ 'ਚ ਰਾਸ਼ਟਰੀ ਰਾਜਮਾਰਗ 'ਤੇ ਮੈਕਡੋਨਲਡਜ਼ ਨੇੜੇ ਇਕ ਵੱਡਾ ਹਾਦਸਾ ਵਾਪਰ ਗਿਆ। ਯਾਤਰੀਆਂ ਨਾਲ ਭਰੀ ਪੰਜਾਬ ਰੋਡਵੇਜ਼ ਦੀ ਬੱਸ ਇਕ ਟਰੱਕ ਟਰਾਲੇ ਨਾਲ ਟਕਰਾ ਗਈ। ਬੱਸ 'ਚ ਕਰੀਬ 40 ਸਵਾਰੀਆਂ ਦੱਸੀਆਂ ਜਾ ਰਹੀਆਂ ਹਨ, ਜਿਨ੍ਹਾਂ 'ਚੋਂ ਹਾਦਸੇ 'ਚ 22 ਤੋਂ ਵੱਧ ਯਾਤਰੀ ਗੰਭੀਰ ਰੂਪ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਖੰਨਾ 'ਚ ਦਾਖਲ ਕਰਵਾਇਆ ਗਿਆ। ਰਿਪੋਰਟਾਂ ਅਨੁਸਾਰ, ਪੀ. ਆਰ. ਟੀ. ਸੀ. ਸਰਕਾਰੀ ਬੱਸ ਲੁਧਿਆਣਾ ਤੋਂ ਪਟਿਆਲਾ ਜਾ ਰਹੀ ਸੀ, ਜਿਸ ਵਿੱਚ ਜ਼ਿਆਦਾਤਰ ਵਿਦਿਆਰਥੀ ਸਵਾਰ ਸਨ। ਦੂਜੇ ਪਾਸੇ ਤੋਂ ਇੱਕ ਤੇਜ਼ ਰਫ਼ਤਾਰ ਟਰੇਲਰ ਡਿਵਾਈਡਰ ਪਾਰ ਕਰਕੇ ਬੱਸ ਨਾਲ ਟਕਰਾ ਗਿਆ। ਸੂਚਨਾ ਮਿਲਣ 'ਤੇ ਐਸ. ਪੀ. ਵਿਨੋਦ ਕੁਮਾਰ ਟਰੈਫ਼ਿਕ ਪੁਲਿਸ ਇੰਚਾਰਜ ਕੁਲਜੀਤ ਸਿੰਘ, ਐਸ. ਐਚ. ਓ. ਸੰਦੀਪ ਕੁਮਾਰ , ਸੜਕ ਸੁਰੱਖਿਆ ਕਰਮਚਾਰੀ ਅਤੇ 108 ਐਂਬੂਲੈਂਸ ਕਰਮਚਾਰੀ ਮੌਕੇ 'ਤੇ ਪਹੁੰਚੇ। ਹਾਦਸੇ ਕਾਰਨ ਰਾਸ਼ਟਰੀ ਰਾਜਮਾਰਗ 'ਤੇ ਲੰਮਾ ਟਰੈਫਿਕ ਜਾਮ ਲੱਗ ਗਿਆ। ਟਰੈਫ਼ਿਕ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਆਵਾਜਾਈ ਨੂੰ ਬਹਾਲ ਕੀਤਾ ਗਿਆ।

ਹਾਦਸਾ ਗ੍ਰਸਤ ਹੋਏ ਵਾਹਨ (ਸੱਜੇ) ਘਟਨਾ ਸਥਾਨ 'ਤੇ ਜਾਂਚ ਕਰਦੇ ਪੁਲਿਸ ਅਧਿਕਾਰੀ। ਤਸਵੀਰ : ਸੋਨੀ ਗਿੱਲ

ਛੱਠ ਪੂਜਾ ਦੌਰਾਨ ਨਾਬਾਲਗ ਲੜਕੀ ਸਤਲੁਜ ਦਰਿਆ 'ਚ ਡੁੱਬੀ

• ਗੋਤਾਖੋਰਾਂ ਵਲੋਂ ਭਾਲ ਜਾਰੀ

ਮਾਛੀਵਾੜਾ ਸਾਹਿਬ, 28 ਅਕਤੂਬਰ (ਰਾਜਦੀਪ ਸਿੰਘ ਅਲਬੇਲਾ)-ਬਲਾਕ ਮਾਛੀਵਾੜਾ ਅਧੀਨ ਪੈਂਦੇ ਪਿੰਡ ਗੁਰੂਗੜ੍ਹ ਦੇ ਰਹਿਣ ਵਾਲੇ ਕਰਨ ਕੁਮਾਰ ਦੀ ਨਾਬਾਲਗ ਲੜਕੀ ਆਂਚਲ ਕੁਮਾਰੀ (9 ਸਾਲ) ਛੱਠ ਪੂਜਾ ਦੌਰਾਨ ਸਤਲੁਜ ਦਰਿਆ ਦੇ ਪਾਣੀ ਵਿਚ ਡੁੱਬ ਗਈ । ਜਾਣਕਾਰੀ ਅਨੁਸਾਰ ਆਂਚਲ ਕੁਮਾਰੀ ਬੀਤੇ 27 ਅਕਤੂਬਰ ਨੂੰ ਸ਼ਾਮ ਸਮੇਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਨੇੜੇ ਹੀ ਵਗਦੇ ਸਤਲੁਜ ਦਰਿਆ ਵਿਚ ਛੱਠੀ ਮਾਤਾ ਦੀ ਪੂਜਾ ਕਰਨ ਗਈ ਸੀ। ਪਰਿਵਾਰ ਵਾਲਿਆਂ ਅਨੁਸਾਰ ਉਹ ਪੂਜਾ ਕਰਨ ਲੱਗ ਪਏ, ਜਦਕਿ 4 ਬੱਚੇ ਸਤਲੁਜ ਦਰਿਆ ਦੇ ਪਾਣੀ ਵਿਚ ਨਹਾਉਣ ਲੱਗ ਗਏ । ਲੜਕੀ ਦੇ ਪਿਤਾ ਕਰਨ ਕੁਮਾਰ ਨੇ ਦੱਸਿਆ ਕਿ ਜਦੋਂ ਬੱਚੇ ਪਾਣੀ ਵਿਚ ਡੁੱਬਣ ਲੱਗੇ ਤਾਂ ਉਹ ਬਚਾਅ ਲਈ ਰੌਲਾ ਪਾਉਣ ਲੱਗ ਪਏ। ਪਰਿਵਾਰ ਦੇ ਇੱਕ ਮੈਂਬਰ ਵਲੋਂ ਬੱਚਿਆਂ ਨੂੰ ਬਚਾਉਣ ਲਈ ਪਾਣੀ ਵਿਚ ਛਾਲ ਮਾਰ ਦਿੱਤੀ, ਜਿਸ ਵਲੋਂ 3 ਬੱਚੇ ਤਾਂ ਬਚਾ ਲਏ ਗਏ। ਜਦਕਿ ਆਂਚਲ ਕੁਮਾਰੀ ਪਾਣੀ ਵਿਚ ਰੁੜ੍ਹ ਗਈ । ਆਂਚਲ ਕੁਮਾਰੀ ਦੇ ਪਾਣੀ ਵਿਚ ਡੁੱਬਣ ਕਾਰਨ ਪਰਿਵਾਰ ਵਿਚ ਸੋਗ ਦਾ ਮਾਹੌਲ ਹੈ । ਪਰਿਵਾਰਕ ਮੈਂਬਰ ਕਾਫ਼ੀ ਦੇਰ ਤੱਕ ਪਾਣੀ ਵਿਚ ਉਸ ਦੀ ਤਲਾਸ਼ ਕਰਦੇ ਰਹੇ ਅਤੇ ਅੱਜ ਗੋਤਾਖੋਰ ਵੀ ਬੁਲਾਏ ਗਏ, ਪਰ ਆਂਚਲ ਕੁਮਾਰੀ ਦਾ ਕੋਈ ਸੁਰਾਗ ਨਾ ਲੱਗਾ।

ਸਤਲੁਜ ਦਰਿਆ ਵਿਚ ਡੁੱਬੀ ਆਂਚਲ ਕੁਮਾਰੀ।

ਬਾ-ਅਦਾਲਤ ਸ੍ਰੀ ਰਜਨੀਸ਼ ਅਰੋੜਾ, ਪੀ.ਸੀ.ਐਸ. ਉਪ ਮੰਡਲ ਮੈਜਿਸਟ੍ਰੇਟ-ਬਾ-ਅਖਤਿਆਰਾਤ ਸਹਾਇਕ ਕੁਲੈਕਟਰ ਦਰਜਾ, ਪਹਿਲਾ, ਸਮਰਾਲਾ।
ਵਿਸ਼ਾ : ਇੰਤਕਾਲ ਨੰਬਰ 7026 ਪਿੰਡ ਪਵਾਤ-1 ਵਰਾਸਤ ਮੁਤਵਫੀ ਗੱਜਣ ਸਿੰਘ ਪੁੱਤਰ ਹਜ਼ੂਰਾ ਸਿੰਘ।

ਨੋਟਿਸ ਇਸ਼ਤਿਹਾਰ

ਇੰਤਕਾਲ ਨੰਬਰ 7026 ਪਿੰਡ ਪਵਾਤ-1, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪਟਵਾਰੀ ਹਲਕਾ ਵਲੋਂ ਖਾਨਗੀ ਵਸੀਅਤ ਮਿਤੀ 02.07.2016 ਮੁਤਾਬਿਕ ਮੁਤਵਫੀ ਗੱਜਣ ਸਿੰਘ, ਪੁੱਤਰ ਹਜ਼ੂਰਾ ਸਿੰਘ ਬਧੱਕ ਰਾਖੀ ਪੁੱਤਰੀ ਗੱਜਣ ਸਿੰਘ ਦਰਜ ਕਰਕੇ ਨਿਮਨਹਸਤਾਖਰ ਦੀ ਅਦਾਲਤ ਵਿਚ ਫੈਸਲੇ ਲਈ ਪੇਸ਼ ਹੋਇਆ। ਵਸੀਅਤਕਰਤਾ ਮੁਤਵਫੀ ਗੱਜਣ ਸਿੰਘ ਦੇ ਵਾਰਸਾਂ ਵਿਚੋਂ ਉਸ ਦੀ ਪਤਨੀ ਮਨਪ੍ਰੀਤ ਕੌਰ ਨਾਲ ਮਿਤੀ 01.06.2009 ਨੂੰ ਪੰਚਾਇਤੀ ਤਲਾਕ ਹੋ ਗਿਆ ਸੀ। ਜਿਸ ਤੋਂ ਬਾਅਦ ਮਨਪ੍ਰੀਤ ਕੌਰ ਦਾ ਆਪਣੇ ਪਤੀ ਮੁਤਵਫੀ ਗੱਜਣ ਸਿੰਘ ਪੁੱਤਰ ਹਜ਼ੂਰਾ ਸਿੰਘ ਵਾਸੀ ਪਿੰਡ ਪਵਾਤ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਨਾਲ ਕਿਸੇ ਤਰ੍ਹਾਂ ਦਾ ਕੋਈ ਤਾਲਮੇਲ ਨਹੀਂ ਰਿਹਾ ਅਤੇ ਨਾ ਹੀ ਉਨ੍ਹਾਂ ਪਾਸ ਮਨਪ੍ਰੀਤ ਕੌਰ ਦੀ ਮੰਜੂਦਾ ਰਿਹਾਇਸ਼ਾਂ ਦਾ ਪੂਰਾ ਪਤਾ ਹੈ।
ਇਸ ਲਈ ਮੁਤਵਫੀ ਗੱਜਣ ਸਿੰਘ ਦੀ ਤਲਾਕਸ਼ੁਦਾ ਪਤਨੀ ਮਨਪ੍ਰੀਤ ਕੌਰ ਅਤੇ ਇਸ ਤੋਂ ਇਲਾਵਾ ਹਰ ਆਮ ਅਤੇ ਖਾਸ ਨੂੰ ਇਸ ਅਖ਼ਬਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਇੰਤਕਾਲ ਦੇ ਮਨਜ਼ੂਰ ਹੋਣ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ ਆਪਣਾ ਉਜ਼ਰ ਇਸ ਅਦਾਲਤ ਵਿਚ ਮਿਤੀ 27.11.2025 ਨੂੰ ਦੁਪਹਿਰ 1.00 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਤੋਂ ਬਾਅਦ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਇਸ ਇੰਤਕਾਲ ਦਾ ਫੈਸਲਾ ਮੈਰਿਟ ਦੇ ਆਧਾਰ 'ਤੇ ਕਰ ਦਿੱਤਾ ਜਾਵੇਗਾ।
ਅੱਜ ਮਿਤੀ 27.10.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ।
ਸਹੀ/- ਰਜਨੀਸ਼ ਅਰੋੜਾ, ਪੀ.ਸੀ.ਐਸ.,
ਨੰ: 209-10/ਰੀਡਰ/ਮਿਤੀ : 27.10.25
ਉਪ ਮੰਡਲ ਮੈਜਿਸਟ੍ਰੇਟ/ਕੁਲੈਕਟਰ, ਸਹਾਇਕ ਕੁਲੈਕਟਰ ਦਰਜਾ ਪਹਿਲਾ ਸਮਰਾਲਾ।

'ਅਜੀਤ' ਉਪ ਦਫ਼ਤਰਾਂ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

ਖੰਨਾ

ਸ. ਹਰਜਿੰਦਰ ਸਿੰਘ ਲਾਲ	92168-60000
ਨਜ਼ਦੀਕ ਪੰਜਾਬ ਸਟੀਲ ਵਰਕਸ	01628-228777
ਮਲੇਰਕੋਟਲਾ ਰੋਡ	235572

ਬੱਸ ਹੇਠਾਂ ਕੁੱਤਾ ਆਉਣ ਤੋਂ ਖਫਾ ਨੌਜਵਾਨਾਂ ਵਲੋਂ ਕੀਤੀ ਕੁੱਟਮਾਰ ਕਾਰਨ ਬਜ਼ੁਰਗ ਡਰਾਈਵਰ ਦੀ ਮੌਤ

• ਜਾਂਚ ਉਪਰੰਤ ਕੀਤੀ ਜਾਵੇਗੀ ਬਣਦੀ ਕਾਰਵਾਈ-ਡੀ. ਐੱਸ. ਪੀ.

ਮਾਛੀਵਾੜਾ ਸਾਹਿਬ, 28 ਅਕਤੂਬਰ (ਮਨੋਜ ਕੁਮਾਰ, ਰਾਜਦੀਪ ਸਿੰਘ ਅਲਬੇਲਾ)-ਸਥਾਨਕ ਨਿੱਜੀ ਸਕੂਲ ਦੇ ਵਿਦਿਆਰਥੀਆਂ ਨੂੰ ਲਿਜਾ ਰਹੀ ਵੈਨ ਹੇਠਾਂ ਕੁੱਤਾ ਆਉਣ ਕਾਰਨ ਉਸ ਦੀ ਮੌਤ ਹੋ ਗਈ। ਗੁੱਸੇ ਵਿਚ ਕੁੱਤਾ ਮਾਲਕਾਂ ਵਲੋਂ ਬਜ਼ੁਰਗ ਡਰਾਈਵਰ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ, ਜਿਸ ਕਾਰਨ ਜ਼ਖਮੀ ਡਰਾਈਵਰ ਦੀਦਾਰ ਸਿੰਘ ਦੀ ਮੌਤ ਹੋ ਗਈ। ਇਸ ਸੰਬੰਧੀ ਕੁੱਟਮਾਰ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਤੇ ਵੈਨ ਦੇ ਕੰਡਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸਕੂਲ ਵੈਨ ਰਾਹੀਂ ਬੱਚਿਆਂ ਨੂੰ ਲੈਣ ਲਈ ਜਾ ਰਹੇ ਸਨ ਕਿ ਰਸਤੇ ਵਿਚ ਪੈਂਦੇ ਪਿੰਡ ਮਾਛੀਵਾੜਾ ਖਾਮ ਨੇੜੇ ਅਚਾਨਕ ਇੱਕ ਕੁੱਤਾ ਜਿਸ ਦੇ ਗਲ ਵਿਚ ਨਾ ਪਟਾ ਤੇ ਨਾ ਹੀ ਸੰਗਲੀ ਸੀ, ਅਚਾਨਕ ਵੈਨ ਥੱਲੇ ਆਉਣ ਕਾਰਨ ਉਸ ਦੀ ਮੌਤ ਹੋ ਗਈ। ਕੰਡਕਟਰ ਅਨੁਸਾਰ ਜਦੋਂ ਉਹ ਅਗਲੇ ਪਿੰਡ ਬੱਚਿਆਂ ਨੂੰ ਵੈਨ ਵਿਚ ਬਿਠਾ ਰਹੇ ਸਨ ਤਾਂ ਤਿੰਨ ਨੌਜਵਾਨਾਂ ਨੇ ਆ ਕੇ ਬੱਸ ਨੂੰ ਘੇਰ ਲਿਆ ਅਤੇ ਬੱਚਿਆਂ ਨਾਲ ਭਰੀ ਵੈਨ ਦੇ ਸ਼ੀਸ਼ਿਆਂ 'ਤੇ ਡਾਂਗਾਂ ਮਾਰੀਆਂ, ਜਿਸ ਕਾਰਨ ਬੱਚਿਆਂ ਵਿਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ। ਨੌਜਵਾਨਾਂ ਨੇ ਵੈਨ ਦੀ ਚਾਬੀ ਖੋਹ ਲਈ ਅਤੇ ਬਜ਼ੁਰਗ ਡਰਾਈਵਰ ਨੂੰ ਹੇਠਾਂ ਉਤਾਰ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਹਸਪਤਾਲ ਵਿਚ ਇਲਾਜ ਅਧੀਨ ਬਜ਼ੁਰਗ ਦੀਦਾਰ ਸਿੰਘ ਦੇ ਸਰੀਰ 'ਤੇ ਲਾਸਾਂ ਪਈਆਂ ਹੋਈਆਂ ਸਨ, ਜੋ ਸਾਫ਼ ਦਰਸਾ ਰਹੀਆਂ ਸਨ ਕਿ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਹੈ। ਪੀੜਤ ਡਰਾਈਵਰ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਬਜ਼ੁਰਗ ਦੀ ਹੱਥੋਪਾਈ ਦੌਰਾਨ ਪੱਗ ਵੀ ਲਾਹੀ ਗਈ, ਜੋ ਵਾਇਰਲ ਵੀਡੀਓ ਵਿਚ ਸਪਸ਼ਟ ਨਜ਼ਰ ਆ ਰਹੀ ਹੈ। ਇਸ ਲਈ ਕਥਿਤ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਦੋਸ਼ੀਆਂ 'ਤੇ ਹੋਵੇਗੀ ਸਖ਼ਤ ਕਾਰਵਾਈ-ਡੀ. ਐੱਸ. ਪੀ. ਸਮਰਾਲਾ

ਬਜ਼ੁਰਗ ਡਰਾਈਵਰ ਦੀ ਕੁੱਟਮਾਰ ਕਰਨ ਵਾਲੀ ਵੀਡੀਓ ਜਦੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਇਸ ਸਬੰਧੀ ਡੀ. ਐੱਸ. ਪੀ. ਸਮਰਾਲਾ ਤਰਲੋਚਨ ਸਿੰਘ ਨੇ ਕਿਹਾ ਕਿ ਵੀਡੀਓ ਦੇਖਣ ਉਪਰੰਤ ਉਨ੍ਹਾਂ ਮਾਛੀਵਾੜਾ ਥਾਣਾ ਮੁਖੀ ਨੂੰ ਇਸ ਮਾਮਲੇ ਵਿਚ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਲਾਜ ਦੌਰਾਨ ਜ਼ਖਮੀ ਡਰਾਈਵਰ ਦੀਦਾਰ ਸਿੰਘ ਅਤੇ ਜਾਣਕਾਰੀ ਦਿੰਦੇ ਪਰਿਵਾਰਕ ਮੈਂਬਰ। ਤਸਵੀਰ : ਮਨੋਜ ਕੁਮਾਰ

SIDHU COLLEGE OF NURSING, DORAHA
G.T. Road Doraha Near Mcdonald, Distt Ludhiana
Mobile No: 8196800284,
meets_nursing@yahoo.co.in
www.sidhunursing.com
Notice
Semi online counselling for leftover seats in GNM course (Session 2025/26) for Sidhu College of Nursing Doraha
It is informed that the process for Semi Online Counselling of leftover seats for Sidhu college of Nursing, doraha will be conducted at institute level as per following schedule.
Only the candidates, who have completed application in all respects on Counselling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

Description	Date
Semi Online Counselling and joining of candidates for Sidhu College of Nursing	30/10/2025

Principal Sidhu College or Nursing

KULAR COLLEGE OF NURSING
G.T. Road Khanna (Vill. Kishangarh) Tehsil-Khanna, Distt. Ludhiana-141401
+91-89688-73993, +91-97006-40001
PRINCIPALKULARCON@GMAIL.COM
WWW.KULARCON.COM
NOTICE
It is informed that the process for Semi Online Counselling of leftover seats for Kular College of Nursing will be conducted at Institute level as per following schedule.
Only the candidates, who have completed application in all respects on Counselling admission portal 2025-26 of PNRC and not holding any seat in any institute, shall be allowed to appear in this round. After preparation of merit list no canidate shall be allowed to participate.

Description	Date
Semi online Counselling and joining of candidates for Kular College of Nursing	30.10.2025

ਬੈਂਕ ਮੈਨੇਜਰ ਦੇ ਘਰੋਂ ਇਕ ਲੱਖ ਰੁਪਏ ਦੀ ਨਕਦੀ ਤੇ ਗਹਿਣੇ ਚੋਰੀ

• ਪੁਲਿਸ ਚੌਕੀ ਕੋਟਾਂ ਦੇ ਇੰਚਾਰਜ ਨੇ ਨਹੀਂ ਕੀਤੀ ਕੋਈ ਕਾਰਵਾਈ

ਬੀਜਾ, 28 ਅਕਤੂਬਰ (ਅਵਤਾਰ ਸਿੰਘ ਜੰਟੀ ਮਾਨ)- ਥਾਣਾ ਸਦਰ ਖੰਨਾ ਅਧੀਨ ਪੈਂਦੀ ਪੁਲਿਸ ਚੌਕੀ ਕੋਟਾਂ ਦੇ ਸਾਹਮਣੇ ਪਿੰਡ ਮੰਡਿਆਲਾ ਕਲਾਂ ਵਿਖੇ ਬੈਂਕ ਮੈਨੇਜਰ ਦੇ ਘਰੋਂ ਤਿੰਨ ਅਣਪਛਾਤੇ ਚੋਰ ਨਕਦੀ, ਗਹਿਣੇ ਅਤੇ ਕੁੱਝ ਕੀਮਤੀ ਕਾਗਜਾਤ ਲੈ ਕੇ ਭੱਜ ਗਏ। ਪੀੜਤ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਖੰਨਾ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬੈਂਕ ਮੈਨੇਜਰ ਹਰਦੀਪ ਸਿੰਘ ਦੀ ਸ਼ਿਕਾਇਤ 'ਤੇ ਐਫ. ਆਈ. ਆਰ. ਦਰਜ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਹਰਦੀਪ ਸਿੰਘ ਦੇ ਅਨੁਸਾਰ, ਉਹ 23 ਅਕਤੂਬਰ ਨੂੰ ਘਰ ਨੂੰ ਤਾਲਾ ਲਗਾਉਣ ਤੋਂ ਬਾਅਦ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ ਲਈ ਰਵਾਨਾ ਹੋ ਗਿਆ ਸੀ। ਜਦੋਂ ਉਹ ਅਗਲੀ ਸ਼ਾਮ ਵਾਪਸ ਆਏ, ਤਾਂ ਉਨ੍ਹਾਂ ਨੇ ਇਮਾਰਤ ਨੂੰ ਤੋੜਿਆ ਹੋਇਆ ਪਾਇਆ। ਉਸਨੇ ਬਾਅਦ ਵਿੱਚ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕੀਤੀ, ਜਿਸ ਵਿੱਚ ਤਿੰਨ ਵਿਅਕਤੀ ਮੋਟਰਸਾਈਕਲ 'ਤੇ ਆਉਂਦੇ ਅਤੇ ਪ੍ਰਵੇਸ਼ ਕਰਨ ਲਈ ਮੁੱਖ ਗੇਟ ਤੋਂ ਛਾਲ ਮਾਰਦੇ ਹੋਏ ਕੈਦ ਹੋਏ ਸਨ। ਚੋਰਾਂ ਨੇ ਕਥਿਤ ਤੌਰ 'ਤੇ 1 ਲੱਖ ਰੁਪਏ ਦੀ ਨਕਦੀ, ਇੱਕ ਸੋਨੇ ਦੀ ਚੇਨ, ਲਾਕੇਟ ਵਾਲੀਆਂ, ਦੋ ਸੋਨੇ ਦੀ ਅੰਗੂਠੀ, ਤਿੰਨ ਜੋੜੇ ਸੋਨੇ ਦੀਆਂ ਵਾਲੀਆਂ, ਤਿੰਨ ਚਾਂਦੀ ਦੀਆਂ ਐਨਕਲੇਟ, ਇੱਕ ਕੜਾ, ਤਿੰਨ ਪੈਸੇ ਵਾਲਾ ਪਿਗੀ ਬੈਂਕ ਬਾਕਸ ਅਤੇ ਹੋਰ ਮਹੱਤਵਪੂਰਨ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਇਆ। ਸਿੰਘ ਨੇ ਤੁਰੰਤ ਸਥਾਨਕ ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ। ਪਰਿਵਾਰ ਦਾ ਕਹਿਣਾ ਇਹ ਵੀ ਸੀ ਕਿ ਪੁਲਿਸ ਚੌਕੀ ਕੋਟਾਂ ਦੇ ਇੰਚਾਰਜ ਕੋਲ ਅਸੀਂ ਵਾਰ ਵਰ ਗੇੜੇ ਲਾਉਂਦੇ ਰਹੇ ਪਰ ਚੌਕੀ ਇੰਚਾਰਜ ਨੇ ਇੱਕ ਵਾਰ ਘਰ ਦੀ ਜਾਂਚ ਕੀਤੀ ਹੈ ਪਰ ਉਹ ਵੀ ਚੌਕੀ ਇੰਚਾਰਜ ਵੱਲੋਂ ਖਾਨਾ ਪੂਰਤੀ ਹੀ ਕੀਤੀ ਗਈ। ਜਾਂਚ ਅਧਿਕਾਰੀ ਐਸ. ਐਚ. ਓ. ਸਤਨਾਮ ਸਿੰਘ ਨੇ ਪੁਸ਼ਟੀ ਕੀਤੀ ਕਿ ਅਣਪਛਾਤੇ ਜੋੜੀ ਵਿਰੁੱਧ ਐਫ. ਆਈ. ਆਰ ਦਰਜ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਸੀ. ਸੀ. ਟੀ. ਵੀ. ਫੁਟੇਜ ਵਿੱਚ ਮੁਲਜ਼ਮਾਂ ਦੇ ਚਿਹਰੇ ਨਜ਼ਰ ਨਹੀਂ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਦੀ ਪਛਾਣ ਕਰਨ ਅਤੇ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਨ ਲਈ ਕੰਮ ਕਰ ਰਹੇ ਹਾਂ । ਸਦਰ ਖੰਨਾ ਦੀ ਐਸ. ਐਚ. ਓ. ਵੱਲੋਂ ਪੁਲਿਸ ਚੌਕੀ ਕੋਰਟਾਂ ਦੇ ਇੰਚਾਰਜ ਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਗਿਆ ਹੈ। ਇਸ ਸਬੰਧੀ ਪੁਲਿਸ ਚੌਕੀ ਕੋਰਟਾਂ ਦੇ ਇੰਚਾਰਜ ਨਿਤੀਸ਼ ਕੁਮਾਰ ਚੌਧਰੀ ਨਾਲ ਟੈਲੀਫੋਨ ਤੇ ਗੱਲਬਾਤ ਕਰਨੀ ਚਾਹੀ, ਉਹਨਾਂ ਨੂੰ ਵਾਰ-ਵਾਰ ਫ਼ੋਨ ਕਰਨ 'ਤੇ ਉਨ੍ਹਾਂ ਨੇ ਆਪਣਾ ਫ਼ੋਨ ਚੁੱਕਣਾ ਠੀਕ ਨਹੀਂ ਸਮਝਿਆ।

ਚੋਰਾਂ ਵਲੋਂ ਖਿਲਾਰਿਆ ਗਿਆ ਸਾਮਾਨ। ਤਸਵੀਰ : ਜੰਟੀ ਮਾਨ

ਰਾਮਗੜ੍ਹ ਸਰਦਾਰਾਂ ਵਿਖੇ ਟ੍ਰਾਂਸਫਾਰਮ ਚੋਰੀ

ਮਲੌਦ, 28 ਅਕਤੂਬਰ (ਦਿਲਬਾਗ ਸਿੰਘ ਚਾਪੜਾ)- ਥਾਣਾ ਮਲੌਦ ਅਧੀਨ ਪੈਂਦੇ ਪਿੰਡ ਰਾਮਗੜ੍ਹ ਸਰਦਾਰਾਂ ਵਿਖੇ ਬੀਤੀ ਰਾਤ ਚੋਰਾਂ ਵੱਲੋਂ ਖ